BRAMPTON Service and Information Update

# 25 ਜਨਵਰੀ ਤੋਂ ਸ਼ੁਰੂ ਕਰਦੇ ਹੋਏ, ਸਰਵਿਸ ਬ੍ਰੈਂਪਟਨ ਦੇ ਵਿਅਕਤੀਗਤ ਸੰਚਾਲਨ ਸਮੇਂ ਵਿੱਚ ਅਸਥਾਈ ਤਬਦੀਲੀਆਂ

ਬ੍ਰੈਂਪਟਨ, ਓਨਟੈਰੀਓ (22 ਜਨਵਰੀ, 2021) – ਸਰਵਿਸ ਬ੍ਰੈਂਪਟਨ (Service Brampton), ਸਿਟੀ ਹਾਲ (City Hall) ਵਿਖੇ, ਵਿਅਕਤੀਗਤ ਸੇਵਾਵਾਂ ਲਈ, ਅਸਥਾਈ ਤੌਰ ਤੇ ਸੰਚਾਲਨ ਦੇ ਨਵੇਂ ਸਮੇਂ ਮੁਤਾਬਕ ਚੱਲੇਗਾ। ਨਵਾਂ ਸਮਾਂ, ਸੋਮਵਾਰ, 25 ਜਨਵਰੀ, 2021 ਤੋਂ ਲਾਗੂ ਹੋਵੇਗਾ।

ਕੈਸ਼ੀਅਰ ਅਤੇ ਸਰਵਿਸ ਬ੍ਰੈਂਪਟਨ ਦੇ ਕਾਉਂਟਰ, ਸਿਰਫ਼ ਮੁਲਾਕਾਤ ਬੁੱਕ ਕਰਕੇ ਹੀ, ਹਰੇਕ ਮੰਗਲਵਾਰ, ਵੀਰਵਾਰ ਅਤੇ ਸ਼ੁੱਕਰਵਾਰ ਨੂੰ, ਸਵੇਰੇ 8:30 ਵਜੇ ਤੋਂ ਸ਼ਾਮ 4:30 ਵਜੇ ਤੱਕ ਖੁੱਲਣਗੇ।

ਇਸ ਵੇਲੇ, ਸਿਟੀ ਕਾਰਪੋਰੇਟ ਦੀਆਂ ਫੈਸਿਲਿਟੀਜ ਵਿੱਚ ਜਾਣ ਲਈ ਮੁਲਾਕਾਤ ਬੁੱਕ ਕਰਨਾ ਜ਼ਰੂਰੀ ਹੈ। ਸਿਰਫ਼ ਕੁਝ ਸੇਵਾਵਾਂ ਹੀ, ਵਿਅਕਤੀਗਤ ਉਪਲਬਧ ਹਨ।

ਨਿਵਾਸੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜਦੋਂ ਸੰਭਵ ਹੋਵੇ, ਉਹ ਔਨਲਾਈਨ ਜਾਂ ਹੋਰ ਵਿਕਲਪਾਂ ਦੁਆਰਾ ਸੇਵਾਵਾਂ ਤੱਕ ਪਹੁੰਚਣ। ਮੁਲਾਕਾਤਾਂ ਬੁੱਕ ਕਰਨ ਅਤੇ ਹੋਰ ਜਾਣਕਾਰੀ ਲਈ, www.brampton.ca/skiptheline ਤੇ ਜਾਓ।

**ਸਰਵਿਸ ਬ੍ਰੈਂਪਟਨ ਨੂੰ, ਦਿਨ ਵਿੱਚ 24 ਘੰਟੇ, ਹਫ਼ਤੇ ਵਿੱਚ ਸੱਤ ਦਿਨ ਸੰਪਰਕ ਕਰਨ ਦੇ ਚਾਰ ਸੁਵਿਧਾਜਨਕ ਤਰੀਕੇ ਹਨ:**

- ਔਨਲਾਈਨ 311Brampton.ca ਤੇ ਜਾਓ
- ਐਪ ਸਟੋਰ (App Store) ਜਾਂ Google Play (ਗੂਗਲ ਪਲੇ) ਤੇ 311 ਬ੍ਰੈਂਪਟਨ (311 Brampton) ਐਪ ਡਾਊਨਲੋਡ ਕਰੋ
- ਬ੍ਰੈਂਪਟਨ ਦੀਆਂ ਸੀਮਾਵਾਂ ਦੇ ਅੰਦਰ ਤੋਂ 311 (ਸਿਟੀ ਦੀਆਂ ਸੀਮਾਵਾਂ ਦੇ ਬਾਹਰ ਤੋਂ 905.874.2000) ਡਾਇਲ ਕਰੋ
- 311@brampton.ca ਤੇ ਈਮੇਲ ਕਰੋ

-30-


**ਮੀਡੀਆ ਸੰਪਰਕ**

ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca